# ਦਫਤਰ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ)ਬਠਿੰਡਾ

deose.bathinda@punjabeducation.gov.in

ਵੱਲ

ਸਮੂਹ ਸਕੂਲ ਮੁੱਖੀ

ਸਸਸਸ ,ਜਿਲ੍ਹਾ ਬਠਿੰਡਾ

ਪੱਤਰ ਨੰ: ਜੀ-1/1 ( )2025 / 1526

ਮਿਤੀ : 07.05.25

ਵਿਸ਼ਾ : **ਪੰਜਾਬ ਸਿੱਖਿਆ ਕ੍ਰਾਂਤੀ ਅਧੀਨ ਉਦਘਾਟਨੀ ਸਮਾਹੋਰ ਮੌਕੇ** ਬਿਜਨਸ ਬਲਾਸਟਰ **ਪ੍ਰਦਰਸ਼ਨੀ ਲਗਾਉਣ ਸਬੰਧੀ ।**

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਲਿਖਿਆ ਜਾਂਦਾ ਹੈ ਕਿ ਮੁੱਖ ਦਫਤਰ ਤੋਂ ਪ੍ਰਾਪਤ ਹਦਾਇਤਾਂ ਮੁਤਾਬਕ 'ਪੰਜਾਬ ਸਿੱਖਿਆ ਕ੍ਰਾਂਤੀ ' ਦੇ ਅਧੀਨ ਜੋ ਕਿ ਸਕੂਲਾਂ ਵਿੱਚ ਮਾਣਯੋਗ ਮੁੱਖ ਮੰਤਰੀ ਸਾਹਿਬ, ਮਾਣਯੋਗ ਸਿੱਖਿਆ ਮੰਤਰੀ ਸਾਹਿਬ, ਅਤੇ ਸਨਮਾਨਯੋਗ ਸ਼ਖਸ਼ੀਅਤਾਂ ਦੁਆਰਾ ਉਦਘਾਟਨੀ ਸਮਾਰੋਹ ਕੀਤੇ ਜਾ ਰਹੇ ਹਨ , ਪ੍ਰਾਪਤ ਹਦਾਇਤਾਂ ਮੁਤਾਬਕ ਸਮੂਹ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਬਿਜਨਸ ਬਲਾਸਟਰ ਦੀਆਂ ਪ੍ਰਦਰਸ਼ਨੀਆਂ ਲਗਾਈਆਂ ਜਾਣੀਆਂ ਯਕੀਨੀ ਬਣਾਈਆਂ ਜਾਣ।ਇਸ ਸਬੰਧੀ ਹੇਠ ਲਿਖੀਆਂ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ :-

1) ਇਹਨਾਂ ਪ੍ਰਦਰਸ਼ੀਆਂ ਦੌਰਾਨ ਬਿਜਨਸ ਬਲਾਸਟਰ ਦੀਆਂ ਫਲੈਕਸਾ ਵੀ ਲਗਾਈਆਂ ਜਾਣ ਅਤੇ ਆਏ ਹੋਏ ਮਹਿਮਾਨਾਂ ਨੂੰ ਇਹਨਾਂ ਸਟਾਲਾਂ ਤੇ ਵਿਜ਼ਿਟ ਕਰਵਾਇਆ ਜਾਵੇ।

2) ਬੱਚਿਆਂ ਵਿੱਚ ਪੈਦਾ ਹੋਏ ਵਪਾਰਕ, ਕਲਾਤਮਿਕ, ਤਕਨੀਕੀ, ਵਿਗਿਆਨਕ ਹੁਨਰ ਬਾਰੇ ਵੀ ਦੱਸਿਆ ਜਾਵੇ।

3) ਇਸ ਮੌਕੇ ਹੋਣ ਵਾਲੀ ਮੀਡੀਆ ਕਵਰੇਜ ਦਾ ਦੌਰਾਨ ਇਹਨਾਂ ਸਟਾਲਾਂ ਦਾ ਵੀ ਵੇਰਵਾ ਸਾਂਝਾ ਕੀਤਾ ਜਾਵੇ ।

4) ਸਬੰਧਤ ਜ਼ਿਲ੍ਹਾ ਬਿਜਨਸ ਬਲਾਸਟਰ ਗਰੁੱਪ ਵਿੱਚ ਪ੍ਰਦਰਸ਼ਨੀ ਸਬੰਧੀ ਫੋਟੋ,ਵੀਡੀਓ, ਮੀਡੀਆ ਕਵਰੇਜ਼ ਵੀ ਸਾਂਝੀ ਕੀਤੀ ਜਾਵੇ।

7/5/25

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)

ਬਠਿੰਡਾ ।